# ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਨਾਰੀ ਸਰੋਕਾਰ



ਡਾ. ਰਮਨਦੀਪ ਕੌਰ
ਸਹਾਇਕ ਪ੍ਰੋਫੈਸਰ
ਪੰਜਾਬੀ ਵਿਭਾਗ
ਅਕਾਲ ਯੂਨੀਵਰਸਿਟੀ
ਤਲਵੰਡੀ ਸਾਬੋ
+91 90566-77769



ਮਨਿੰਦਰ ਕੌਰ
ਸਹਾਇਕ ਪ੍ਰੋਫੈਸਰ
ਪੰਜਾਬੀ ਵਿਭਾਗ
ਪੰਜਾਬੀ ਯੂਨੀਵਰਸਿਟੀ
ਪਟਿਆਲਾ

ਪਰਵਾਸੀ ਪੰਜਾਬੀ ਸਾਹਿਤ ਦਾ ਘੇਰਾ ਬਹੁਤ ਵਿਸ਼ਾਲ ਹੈ ਜਿਸ ਵਿੱਚ ਕਹਾਣੀ ਮਹੱਤਵਪੂਰਨ ਵਿਧਾ ਹੈ। ਪਰਵਾਸ ਦੇ ਅਨੇਕਾਂ ਤਰ੍ਹਾਂ ਦੇ ਅਨੁਭਵਾਂ, ਅਹਿਸਾਸਾਂ ਤੇ ਚੇਤਨਾ ਨੂੰ ਆਪਣੀ ਸਿਰਜਣਾਤਮਕਤਾ ਦਾ ਆਧਾਰ ਬਣਾਉਣ ਵਾਲੀ ਪਰਵਾਸੀ ਪੰਜਾਬੀ ਕਹਾਣੀ ਪਹਿਲਾਂ-ਪਹਿਲ ਜ਼ਿਆਦਾਤਰ ਪਰਵਾਸ ਨਾਲ ਜੁੜੇ ਮਸਲਿਆਂ ਜਿਵੇਂ ਕਿ ਭੂ-ਹੇਰਵਾ, ਨਸਲੀ ਵਿਤਕਰਾ, ਸਭਿਆਚਾਰਕ ਤਣਾਓ, ਪੀੜ੍ਹੀ-ਪਾੜਾ ਆਦਿ ਨੂੰ ਕੇਂਦਰ ਵਿੱਚ ਰੱਖ ਕੇ ਸਿਰਜੀ ਜਾਂਦੀ ਰਹੀ। ਭਾਵੇਂ ਨਾਰੀ ਨਾਲ ਜੁੜੇ ਮਸਲੇ ਵੀ ਪਰਵਾਸੀ ਪੰਜਾਬੀ ਕਹਾਣੀ ਵਿੱਚ ਰੂਪਮਾਨ ਹੋਏ ਪ੍ਰੰਤੂ ਉਨ੍ਹਾਂ ਕਿਰਤਾਂ ਦਾ ਕੇਂਦਰੀ ਧੁਰਾ ਉਪਰੋਕਤ ਵਰਣਿਤ ਮਸਲੇ ਹੀ ਬਣਦੇ ਰਹੇ ਹਨ। ਪਿਛਲੇ ਕੁੱਝ ਸਮੇਂ ਤੋਂ ਪਰਵਾਸੀ ਕਹਾਣੀਕਾਰਾਂ ਨੇ ਨਾਰੀ ਦੇ ਪਰਵਾਸ ਨਾਲ ਜੁੜੇ ਸਰੋਕਾਰਾਂ ਨੂੰ ਵੱਖਰੇ ਸੰਦਰਭ ਵਿੱਚ ਵੇਖਿਆ, ਸਮਝਿਆ ਤੇ ਪੇਸ਼ ਕੀਤਾ ਹੈ। ਨਤੀਜਨ, ਪਰਵਾਸੀ ਪਰਿਵੇਸ਼ ਵਿੱਚ ਨਾਰੀ ਦੀ ਹੋਂਦ/ਹਸਤੀ ਨਾਲ ਜੁੜੇ ਵਿਭਿੰਨ ਸਰੋਕਾਰ ਪਰਵਾਸੀ ਪੰਜਾਬੀ ਕਹਾਣੀ ਰਚਨਾ ਦਾ ਮੂਲ ਧੁਰਾ ਹੋ ਨਿਬੜੇ ਹਨ।

ਨਾਰੀ ਦੇ ਪਰਵਾਸ ਨਾਲ ਜੁੜੇ ਅਨੁਭਵ ਕਿਉਂਕਿ ਮਰਦ ਨਾਲੋਂ ਵੱਖਰੇ ਹਨ। ਇਸ ਕਰਕੇ ਉਹ ਵੱਖਰੇ ਦ੍ਰਿਸ਼ਟੀਕੋਣ ਤੋਂ ਪੇਸ਼ਕਾਰੀ ਦੀ ਮੰਗ ਕਰਦੇ ਹਨ। ਅਜਿਹੀ ਮੰਗ ਦੀ ਪੂਰਤੀ ਲਈ ਰਚੀਆਂ ਗਈਆਂ ਪਰਵਾਸੀ ਪੰਜਾਬੀ ਕਹਾਣੀਆਂ ਨਾਰੀ ਦੀ ਹੋਂਦ/ਹਸਤੀ ਦੇ ਮਸਲਿਆਂ ਅਤੇ ਨਾਰੀ ਦੀ ਵੇਦਨਾ/ਸੰਵੇਦਨਾ ਦੀਆਂ ਲਖਾਇਕ ਹਨ। ਪਰਵਾਸੀ ਪੰਜਾਬੀ ਸਾਹਿਤ ਸਿਰਜਣਧਾਰਾ ਵਿੱਚ ਅਜਿਹੀਆਂ ਕਹਾਣੀਆਂ ਦੇ ਰਚਨਾਕਾਰ ਨਾਰੀ ਤੇ ਮਰਦ ਦੋਨੋਂ ਹੀ ਹਨ ਪ੍ਰੰਤੂ ਨਾਰੀ ਲੇਖਿਕਾਵਾਂ ਦੁਆਰਾ ਨਾਰੀ ਦੇ ਜੀਵਨ ਸਰੋਕਾਰਾਂ ਨੂੰ ਵਧੇਰੇ ਸੂਖਮ ਤੇ ਬਹੁਪਾਸਾਰੀ ਦ੍ਰਿਸ਼ਟੀਕੋਣ ਤੋਂ ਉਲੀਕਿਆ ਗਿਆ ਹੈ। ਸ਼ਾਇਦ ਇਸ ਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ 'ਜਿਸ ਤਨੁ ਲਾਗੈ ਸੋ ਤਨੁ ਜਾਨੈ'। 'ਨਾਰੀ, ਨਾਰੀ ਦਾ ਜੀਵਨ, ਨਾਰੀ ਦੀਆਂ ਸਮੱਸਿਆਵਾਂ, ਨਾਰੀ ਦੇ ਸੰਘਰਸ਼, ਸਾਹਸ ਅਤੇ ਸਿਧਾਂਤ, ਨਾਰੀ ਦੀ ਮਾਨਵੀ ਹੋਂਦ ਦੇ ਤਕਾਜ਼ੇ ਨਾਰੀ ਦੇ ਆਪਣੇ ਬੋਲਾਂ/ਸ਼ਬਦਾਂ ਰਾਹੀਂ ਨਾਰੀ ਪ੍ਰਵਚਨ ਨੂੰ ਪ੍ਰਮਾਣਿਕ ਸਰੋਤ ਬਖਸ਼ਦੇ ਹਨ'।[1] ਪਰਵਾਸੀ ਪੰਜਾਬੀ ਕਹਾਣੀ ਦੇ ਅੰਤਰਗਤ ਆਉਂਦੀਆਂ ਨਾਰੀ ਲੇਖਿਕਾਵਾਂ ਵਿੱਚੋਂ ਵੀਨਾ ਵਰਮਾ ਇਕ ਅਜਿਹੀ ਸਿਰਕੱਢ ਕਹਾਣੀਕਾਰਾ ਹੈ, ਜਿਸ ਨੇ ਆਪਣੀ ਆਜ਼ਾਦ ਸੋਚ ਤੇ ਨਿਡੱਕਤਾ ਕਾਰਨ ਅਜਿਹੀਆਂ ਕਹਾਣੀਆਂ ਰਚੀਆਂ ਜਿਨ੍ਹਾਂ ਨੇ ਪਰਵਾਸੀ ਪੰਜਾਬੀ ਕਹਾਣੀ ਸਾਹਿਤ ਵਿੱਚ ਤਰਥੱਲੀ ਮਚਾ ਦਿੱਤੀ। ਪਰਵਾਸੀ ਪੰਜਾਬੀ ਲੇਖਿਕਾਵਾਂ ਵਿਚੋਂ ਵੀਨਾ ਵਰਮਾ ਨੇ ਵਿਸ਼ੇਸ਼ ਕਰ ਆਪਣੀ ਕਥਾ ਨਾਇਕਾ ਦੀ ਪੇਸ਼ਕਾਰੀ ਲਈ ਪੱਛਮੀ ਜੀਵਨ ਜਾਂਚ ਦੇ ਖੁੱਲ੍ਹੇ ਸਮਾਜ ਦੇ ਮੋਟਿਫ ਨੂੰ ਬੜੀ ਉੱਚੀ ਸੁਰ ਤੇ ਬੇਬਾਕੀ ਨਾਲ ਕਲਾਤਮਕ ਨਿਪੁੰਨਤਾ ਸਹਿਤ ਵਰਤਿਆ ਹੈ। ਉਸ ਦੀਆਂ ਕਹਾਣੀਆਂ ਵਿੱਚ ਆਰਥਿਕ ਤੌਰ ਤੇ ਆਤਮ-ਨਿਰਭਰ ਆਪਣੀ

ਮਰਜ਼ੀ ਦੀਆਂ ਆਪ ਮਾਲਕ ਹੋਣ ਦੇ ਪ੍ਰਤਿਮਾਨ ਨਾਲ ਉਤੇਜਿਤ ਨਾਰੀ ਨੂੰ ਫ਼ੋਕਸ ਵਿੱਚ ਲਿਆ ਗਿਆ ਹੈ ਪਰ ਕਥਾ ਨਾਇਕਾਵਾਂ ਦੇ ਫ਼ੋਕਸੀਕਰਣ ਵਿਚੋਂ ਇਹ ਗ੍ਰਹਿਣ ਕਰਨਾ ਮੁਸ਼ਕਿਲ ਨਹੀਂ ਜਾਪਦਾ ਕਿ ਇਹ ਵਧੇਰੇ ਆਜ਼ਾਦ ਹੋਈਆ ਹਨ ਕਿ ਵਧੇਰੇ ਦੰਡਿਤ ਹੋ ਰਹੀਆਂ ਹਨ।[2] ਹੱਥਲੇ ਖੋਜ ਪਰਚੇ ਦਾ ਉਦੇਸ਼ ਵੀ ਪਰਵਾਸੀ ਨਾਰੀ ਦੀ ਯਥਾਰਥਕ ਸਥਿਤੀ ਦੀ ਥਾਹ ਪਾਉਣਾ ਹੈ। ਇਸ ਉਦੇਸ਼ ਦੀ ਪੂਰਤੀ ਲਈ ਖੋਜ ਪਰਚੇ ਵਿੱਚ ਵੀਨਾ ਵਰਮਾ ਦੇ ਕਹਾਣੀ ਸੰਗ੍ਰਹਿ 'ਫਰੰਗੀਆਂ ਦੀ ਨੂੰਹ' ਤੇ 'ਜੋਗੀਆਂ ਦੀ ਧੀ' ਵਿੱਚ ਦਰਜ ਚੋਣਵੀਆਂ ਕਹਾਣੀਆਂ ਨੂੰ ਹੀ ਅਧਿਐਨ ਦਾ ਆਧਾਰ ਬਣਾਇਆ ਗਿਆ ਹੈ।

ਵੀਨਾ ਵਰਮਾ ਦੀਆਂ ਕਹਾਣੀਆਂ ਦਾ ਅਧਿਐਨ ਕਰਦਿਆਂ ਇਹ ਗੱਲ ਸਾਡੇ ਸਾਹਮਣੇ ਸਪੱਸ਼ਟ ਰੂਪ ਵਿੱਚ ਪੇਸ਼ ਹੋਈ ਹੈ ਕਿ ਭਾਰਤੀ ਪੰਜਾਬੀ ਨਾਰੀ ਜਿਆਦਾਤਰ ਵਿਆਹ ਦੇ ਆਧਾਰ 'ਤੇ ਹੀ ਪਰਵਾਸ ਧਾਰਨ ਕਰਦੀ ਹੈ। ਦਰਅਸਲ ਭਾਰਤੀ ਮਾਪਿਆਂ ਦੇ ਮਨਾਂ ਵਿੱਚ ਇਹ ਭਰਮ ਘਰ ਕਰ ਚੁੱਕਾ ਹੈ ਕਿ ਜੇਕਰ ਉਨ੍ਹਾਂ ਦੀ ਧੀ ਨੂੰ ਕਿਸੇ ਐਨ.ਆਰ.ਆਈ ਦਾ ਰਿਸ਼ਤਾ ਆਉਂਦਾ ਹੈ ਤਾਂ ਉਨ੍ਹਾਂ ਦੀ ਧੀ ਭਾਗਾਂ ਵਾਲੀ ਹੈ, ਜਿਸ ਨੂੰ ਸਵਰਗ ਵਰਗੇ ਦੇਸ਼ ਵਿੱਚ ਵੱਸਣ ਦਾ ਮੌਕਾ ਮਿਲ ਰਿਹਾ ਹੈ। ਉਹ ਬਿਨਾਂ ਸੋਚੇ ਸਮਝੇ ਆਪਣੀ ਧੀ ਨੂੰ ਕਿਸੇ ਐਨ.ਆਰ.ਆਈ ਦੇ ਲੜ ਲਾ ਕੇ ਖੁਸ਼ ਹੁੰਦੇ ਰਹਿੰਦੇ ਹਨ ਕਿ ਉਨ੍ਹਾਂ ਦੀ ਧੀ ਵਿਦੇਸ਼ ਵਿੱਚ ਹਰ ਤਰ੍ਹਾਂ ਦੇ ਸੁੱਖ ਮਾਣਦੀ ਰਾਜ ਕਰੇਗੀ। ਇਸੇ ਤਰ੍ਹਾਂ ਦੇ ਭਰਮ ਵਿੱਚ 'ਗ਼ਲਤ ਔਰਤ' ਕਹਾਣੀ ਵਿੱਚਲਾ ਪਾਤਰ ਪ੍ਰਗਟ ਸਿੰਘ ਆਪਣੀ ਧੀ ਮਨਜੀਤ ਨੂੰ ਜਰਮਨੀ ਤੋਂ ਆਏ ਇੰਜੀਨੀਅਰ ਮੁੰਡੇ ਜੋ ਕਿ ਦਹਾਜੂ ਹੁੰਦਾ ਹੈ, ਨਾਲ ਵਿਆਹ ਦਿੰਦਾ ਹੈ। ਵਿਆਹ ਦੇ ਦੋ ਹਫ਼ਤਿਆਂ ਬਾਅਦ ਹਰਜੀਤ ਆਪਣੀ ਪਤਨੀ ਮਨਜੀਤ ਨੂੰ ਛੇਤੀ ਰਾਹਦਾਰੀ ਭੇਜਣ ਦਾ ਵਾਅਦਾ ਕਰਕੇ ਵਾਪਸ ਚਲਾ ਜਾਂਦਾ ਹੈ। ਜਦੋਂ ਉਸਨੂੰ ਉਡੀਕਦਿਆਂ ਕਈ ਸਾਲ ਮਨਜੀਤ ਦੇ ਪੇਕੇ ਘਰ ਬੈਠੀ ਦੇ ਲੰਘ ਜਾਂਦੇ ਹਨ ਤਾਂ ਭਰਾ ਭਰਜਾਈ ਉਸ ਨੂੰ ਤੇ ਉਹਦੇ ਬੱਚੇ ਨੂੰ ਬੋਝ ਸਮਝਣ ਲੱਗ ਜਾਂਦੇ ਹਨ। ਇਨ੍ਹਾਂ ਪਰਿਸਥਿਤੀਆਂ ਵਿੱਚੋਂ ਗੁਜ਼ਰਦਿਆਂ ਮਨਜੀਤ ਆਪ ਵੀ ਆਪਣੇ ਆਪ ਨੂੰ ਬੋਝ ਮਹਿਸੂਸ ਕਰਨ ਲੱਗ ਪੈਂਦੀ ਹੈ :

"ਮਨਜੀਤ ਦਾ ਬੋਝ ਸਿਰਫ਼ ਪ੍ਰਗਟ ਸਿੰਘ ਦੇ ਦਿਲ ਦਿਮਾਗ ਤੇ ਨਹੀਂ ਬਲਕਿ ਕੁਲਬੀਰ ਸਮੇਤ ਪੂਰੇ ਪਰਿਵਾਰ 'ਤੇ ਸੀ। ਨਹੀਂ ਸੱਚ, ਪੂਰੇ ਲਾਣੇ 'ਤੇ ਨਹੀਂ, ਸਗੋਂ ਪੂਰੇ ਪਿੰਡ 'ਤੇ ਸੀ। ਸ਼ਾਇਦ ਪੂਰੇ ਮੁਲਕ 'ਤੇ ਸੀ। ਉਸ ਮੁਲਕ 'ਤੇ ਜਿਸਦੇ ਸੰਸਕਾਰ ਕੁੜੀਆਂ ਨੂੰ ਬਿਗਾਨਾ ਧਨ ਜਾਂ ਬੋਝ ਸਮਝਦੇ ਹਨ"।[3]

ਇਸ ਬੋਝ ਤੋਂ ਨਿਜਾਤ ਪਾਉਣ ਲਈ ਮਨਜੀਤ ਦੇ ਪੇਕਿਆ ਵੱਲੋਂ ਕਿਸੇ ਏਜੰਟ ਨੂੰ ਪੰਜ ਲੱਖ ਰੁਪਏ ਦੇ ਕੇ ਜਾਅਲੀ ਤਰੀਕੇ ਨਾਲ ਉਸਨੂੰ ਜਰਮਨ ਭੇਜਣ ਦਾ ਪ੍ਰਬੰਧ ਕਰ ਦਿੱਤਾ ਜਾਂਦਾ ਹੈ। ਮਨਜੀਤ ਵੀ ਆਸਵੰਦ ਹੋ ਕੇ ਆਪਣੇ ਬੱਚੇ ਦੀਪੂ ਨੂੰ ਨਾਲ ਲੈ ਆਪਣੇ ਪਤੀ ਕੋਲ ਪਹੁੰਚਣ

ਲਈ ਰਵਾਨਾ ਹੋ ਜਾਂਦੀ ਹੈ ਪਰ ਜਦੋਂ ਏਜੰਟਾਂ ਦੇ ਹੱਥੇ ਚੜ੍ਹ ਕੇ ਉਹ ਬੁਰੀ ਤਰ੍ਹਾਂ ਖੇਹ ਖਰਾਬ ਹੁੰਦੀ ਹੈ ਤਾਂ ਉਸਨੂੰ ਆਪਣੀ ਜ਼ਿੰਦਗੀ ਜ਼ਿੱਲਤ ਦੇ ਬੋਝ ਹੇਠਾਂ ਵਿਅਰਥ ਜਾਪਣ ਲੱਗਦੀ ਹੈ। ਉਹ ਹੁਣ ਬਸ ਦੀਪੂ ਨੂੰ ਉਸਦੇ ਪਿਤਾ ਤੱਕ ਪਹੁੰਚਾਉਣਾ ਚਾਹੁੰਦੀ ਹੈ। ਅਖੀਰ ਜਦੋਂ ਇਨ੍ਹਾਂ ਮੁਸ਼ਕਿਲਾਂ ਮੁਸੀਬਤਾਂ ਨੂੰ ਪਾਰ ਕਰਦੀ ਹੋਈ ਉਹ ਹਰਜੀਤ ਤੱਕ ਪੁੱਜਦੀ ਹੈ ਤਾਂ ਹਰਜੀਤ ਉਸਨੂੰ ਪਹਿਚਾਣਨ ਤੋਂ ਇਨਕਾਰ ਕਰਕੇ ਉੱਥੋਂ ਚਲਾ ਜਾਂਦਾ ਹੈ। ਇਸ ਤਰ੍ਹਾਂ ਕਈ ਵਾਰ ਮਾਪਿਆ ਵਿੱਚ ਵਿਦੇਸ਼ ਸੰਬੰਧੀ ਪਾਇਆ ਜਾਣ ਵਾਲਾ ਭਰਮ ਧੀ ਦੀ ਜ਼ਿੰਦਗੀ ਤਬਾਹ ਕਰ ਦਿੰਦਾ ਹੈ।

ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਨਾਰੀ ਦੀ ਹੋਂਦ/ਹੋਣੀ ਨਾਲ ਜੁੜਿਆ ਇਕ ਹੋਰ ਸਰੋਕਾਰ ਪਤੀ ਵੱਲੋਂ ਨਾਕਾਰਿਆ ਜਾਣਾ ਵੀ ਪ੍ਰਤੀਬਿੰਬਤ ਹੋਇਆ ਮਿਲਦਾ ਹੈ। ਉਸ ਦੀਆਂ ਕਹਾਣੀਆਂ 'ਰਜਾਈ', 'ਇਕ ਸੀ ਮੈਂ', 'ਬਿਗਾਨੀ ਅੱਗ' ਇਸ ਸਰੋਕਾਰ ਦੀ ਮਾਰਮਿਕ ਉਦਾਹਰਣ ਪੇਸ਼ ਕਰਦੀਆਂ ਹਨ। 'ਰਜ਼ਾਈ' ਕਹਾਣੀ ਵਿੱਚਲੀ ਹਰਬੰਸ ਕੌਰ ਪਤੀ ਕੁਲਦੀਪ ਦੇ ਵਿਦੇਸ਼ ਜਾਣ ਪਿੱਛੋਂ ਪੰਜ ਸਾਲ ਤੱਕ ਆਪਣੇ ਦੋ ਬੱਚਿਆ ਸਮੇਤ ਕਦੇ ਸਹੁਰੇ ਘਰ ਤੇ ਗਏ ਪੇਕੇ ਘਰ ਦਿਨ ਕਟੀ ਕਰਦੀ ਹੈ। ਅਖੀਰ ਉਸਦੇ ਸਹੁਰੇ ਦੁਆਰਾ ਕੁਲਦੀਪ ਦੇ ਹਿੱਸੇ ਦੀ ਜ਼ਮੀਨ ਵੇਚ ਕੇ ਆਪਣੀ ਨੂੰਹ ਤੇ ਪੋਤੇ ਪੋਤਰੀ ਨੂੰ ਇੰਗਲੈਂਡ ਕੁਲਦੀਪ ਕੋਲ ਭੇਜ ਦਿੱਤਾ ਜਾਂਦਾ ਹੈ ਤਾਂ ਕਿ ਉਹ ਆਪਣੇ ਟੱਬਰ ਦੀ ਜ਼ਿੰਮੇਵਾਰੀ ਸੰਭਾਲੇ। ਪਰ ਉੱਥੇ ਜਾ ਕੇ ਹਰਬੰਸ ਨੂੰ ਆਪਣੇ ਪਤੀ ਦੇ ਦੂਜੇ ਵਿਆਹ ਦਾ ਸੱਚ ਪਤਾ ਲੱਗਦਾ ਹੈ ਕਿ ਕੁਲਦੀਪ ਦਾ ਇੰਗਲੈਂਡ ਵਿੱਚ ਹੋਰ ਟੱਬਰ ਵੀ ਹੈ ਅਤੇ ਉਨ੍ਹਾਂ ਲਈ ਉਸ (ਕੁਲਦੀਪ) ਕੋਲ ਕੋਈ ਥਾਂ ਨਹੀਂ। ਇਸੇ ਲਈ ਉਹ ਦਰ ਆਏ ਭਿਖਾਰੀ ਵਾਂਗ ਹਰਬੰਸ ਨੂੰ ਫਿਟਕਾਰਦਾ ਹੋਇਆ ਕਹਿੰਦਾ ਹੈ: "ਪਰ ਮੇਰਾ ਤਾਂ ਹੋਰ ਵੀ ਟੱਬਰ ਐ ਇੱਥੇ...। ਮੈਂ ਤਾਂ ਵਿਆਹ ਕਰਾ ਲਿਆ ਸੀ ਵਲੈਤ 'ਚ ਆ ਕੇ। ਏਨੇ ਠੰਢੇ ਮੁਲਕ 'ਚ 'ਕੱਲੇ ਬੰਦੇ ਦਾ ਕੀ ਬਣਦੈ,,,। ਉਸਨੇ ਇਸ ਤਰ੍ਹਾਂ ਕਿਹਾ, ਜਿਵੇਂ ਕੋਈ ਬੂਹੇ ਤੇ ਆਏ ਫਕੀਰ ਨੂੰ ਕਹੇ ਕਿ ਅਸੀਂ ਤਾਂ ਖਾ ਪਕਾ ਹਟੇ"।[4]

'ਇਕ ਸੀ ਮੈਂ' ਕਹਾਣੀ ਵਿੱਚਲੀ ਅਨੀਤਾ ਵੀ ਇਸੇ ਰੀਜੈਕਸ਼ਨ ਦਾ ਸ਼ਿਕਾਰ ਹੁੰਦੀ ਹੈ। ਵਿਆਹ ਉਪਰੰਤ ਪਹਿਲੀ ਰਾਤ ਹੀ ਉਸਦਾ ਪਤੀ ਉਸਨੂੰ ਸਪੱਸ਼ਟ ਕਹਿ ਦਿੰਦਾ ਹੈ ਕਿ ਉਹ ਇਸ ਵਿਆਹ ਤੋਂ ਖੁਸ਼ ਨਹੀਂ ਹੈ। ਉਸਨੇ ਇਹ ਵਿਆਹ ਸਿਰਫ਼ ਆਪਣੇ ਮਾਂ ਪਿਓ ਦੀ ਜ਼ਿੱਦ ਕਰਕੇ ਹੀ ਕਰਵਾਇਆ ਹੈ ਜਦਕਿ ਉਹ ਕਿਸੇ ਗੋਰੀ ਕੁੜੀ ਨਾਲ ਵਿਆਹ ਕਰਵਾਉਣਾ ਚਾਹੁੰਦਾ ਸੀ ਤੇ ਉਹ ਅਨੀਤਾ ਨੂੰ ਆਪਣੇ ਪਿਤਾ ਦੁਆਰਾ ਲਿਆਂਦੀ ਹੋਈ ਕਹਿੰਦਾ ਹੋਇਆ ਨਾਕਾਰ ਦਿੰਦਾ ਹੈ। ਇਸ ਤਰ੍ਹਾਂ ਅਨੀਤਾ ਦੇ ਸੁਪਨੇ ਤੇ ਇੱਛਾਵਾਂ ਚਕਨਾਚੂਰ ਹੋ ਜਾਂਦੇ ਹਨ। ਵੀਨਾ ਵਰਮਾ ਉਸਦੇ ਅਵਚੇਤਨ ਮਨ ਵਿੱਚ ਪਈਆਂ ਅਧੂਰੀਆਂ ਖਾਹਿਸ਼ਾਂ ਨੂੰ ਇਸ ਤਰ੍ਹਾਂ ਬੋਲ ਦਿੰਦੀ ਹੈ: "ਕਾਸ਼! ਕੋਈ ਮੈਨੂੰ ਕਿਤਾਬ ਵਾਂਗ ਖੋਹਲ ਕੇ ਪੜ੍ਹਦਾ। ਮੇਰੇ ਅੱਖਰ ਅੱਖਰ ਨੂੰ

ਸਮਝਦਾ ਤੇ ਫੇਰ ਮੈਨੂੰ ਬੰਦ ਕਰਦਾ। ਪਰ ਉਸ ਨੂੰ ਤਾਂ ਸਾਇਕਲੋਜੀ ਦਾ ਊੜਾ ਐੜਾ ਵੀ ਨਹੀਂ ਆਉਂਦਾ ਸੀ।

ਇਹ ਕਿਹੋ ਜਿਹਾ ਰਿਸ਼ਤਾ ਸੀ ਜਿਸ ਵਿੱਚ ਮੈਂ ਗੂੰਗੀ ਦਾ ਰੋਲ ਨਿਭਾ ਰਹੀ ਸੀ"।[5]

ਇਸੇ ਤਰ੍ਹਾਂ 'ਬਿਗਾਨੀ ਅੱਗ' ਕਹਾਣੀ ਵਿੱਚ ਅਸੀਂ ਦੇਖਦੇ ਹਾਂ ਕਿ ਮਲਕਾ ਦਾ ਪਤੀ ਦੂਸਰਾ ਨਿਕਾਹ ਕਰਵਾ ਲੈਂਦਾ ਹੈ ਤੇ ਅੱਧੀ ਰਾਤ ਨੂੰ ਮਲਕਾ ਨੂੰ ਘਰੋਂ ਕੱਢ ਦਿੰਦਾ ਹੈ। ਪਤੀ ਵੱਲੋਂ ਨਾਕਾਰੇ ਜਾਣ ਤੋਂ ਬਾਅਦ ਜੇ ਉਹ ਉਸਤੋਂ ਆਜ਼ਾਦ ਹੋਣਾ ਲੋਚਦੀ ਹੈ ਤਾਂ ਪੈਰ-ਪੈਰ ਤੇ ਸਾਡੇ ਸਮਾਜ ਤੇ ਸਭਿਆਚਾਰ ਰੂਪੀ ਬੇੜੀਆਂ ਉਸਨੂੰ ਜਕੜ ਲੈਂਦੀਆਂ ਹਨ। 'ਮੈਂ ਕੀ ਹਾਂ ਕਹਾਣੀ ਵਿੱਚਲੀ ਪਾਤਰ ਅੰਜਨਾ ਦੇ ਮੂੰਹੋਂ ਸਾਡੇ ਸਭਿਆਚਾਰ ਦੀ ਜੋ ਤਸਵੀਰ ਵੀਨਾ ਵਰਮਾ ਨੇ ਉਭਾਰੀ ਹੈ, ਉਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।

"ਸਾਡੇ ਕਲਚਰ ਵਿੱਚ ਇਕ ਵਾਰੀ ਜੋ ਗਲਤੀ ਹੋ ਗਈ, ਉਹਦੀ ਸਜ਼ਾ ਸਾਰੀ ਉਮਰ ਭੁਗਤਣੀ ਪੈਂਦੀ ਹੈ। ਕਲਚਰਲ ਪਰੈਸ਼ਰ ਇੰਨਾ ਹੈ ਸਾਡੇ ਉੱਤੇ ਕਿ ਕਈ ਵਾਰੀ ਸਾਡਾ ਦਮ ਘੁੱਟਣ ਲੱਗਦਾ ਹੈ। ਅਸੀਂ ਆਪਣੀ ਪਸੰਦ ਦੇ ਵਿਆਹ ਨਹੀਂ ਕਰਵਾ ਸਕਦੇ। ਪਰੈਸ਼ਰ ਹੈ-ਆਪਣੀ ਜਾਤ ਵਿੱਚ ਹੀ ਕਰਵਾਉ। ਅਸੀਂ ਵਿਆਹ ਕਰਵਾ ਕੇ ਆਪਣੀ ਪਸੰਦ ਦੀ ਜ਼ਿੰਦਗੀ ਨਹੀਂ ਜੀਅ ਸਕਦੇ। ਪਰੈਸ਼ਰ ਹੈ, ਸਾਂਝੇ ਪਰਿਵਾਰਾਂ ਵਿੱਚ ਇਕ ਸਿਸਟਮ ਅਧੀਨ ਚੱਲੋ। ਰੱਬ ਨਾ ਕਰੇ ਜੇ ਵਿਆਹ ਮੁਸੀਬਤ ਬਣ ਗਿਆ ਹੈ ਤਾਂ ਅਸੀਂ ਤਲਾਕ ਨਹੀਂ ਕਰ ਸਕਦੇ। ਕਲਚਰਲ ਪਰੈਸ਼ਰ ਹੈ ਕਿ ਖ਼ਾਨਦਾਨ ਦੇ ਨਾਂ 'ਤੇ ਧੱਬਾ ਹੈ। ਦਾਗ਼ ਹੈ"।[6]

ਇੱਥੇ ਇਹ ਗੱਲ ਗੌਲਣਯੋਗ ਹੈ ਕਿ ਇਹ ਸਾਰਾ ਕਲਚਰਲ ਪਰੈਸ਼ਰ ਕੇਵਲ ਔਰਤ ਲਈ ਹੀ ਹੈ। ਅਸਲ ਵਿੱਚ ਪੰਜਾਬੀ ਨੈਤਿਕਤਾ ਵਿੱਚ ਸ਼ੁੱਧਤਾ ਤੇ ਪਵਿੱਤਰਤਾ ਦਾ ਪ੍ਰਤਿਮਾਨ ਸਿਰਫ਼ ਨਾਰੀ ਨਾਲ ਹੀ ਜੁੜਦਾ ਹੈ, ਮਰਦ ਨਾਲ ਨਹੀਂ। ਮਰਦ ਕਿਤੇ ਵੀ ਕਿਸੇ ਵੀ ਜਾਤ, ਰੰਗ, ਨਸਲ, ਧਰਮ ਦੀ ਨਾਰੀ ਨਾਲ ਮਰਜ਼ੀ, ਮਜ਼ਬੂਰੀ, ਐਡਵੈਂਚਰ ਵਸ ਰਿਸ਼ਤੇ ਬਣਾਉਂਦੇ, ਪਰਿਵਾਰਕ/ਭਾਈਚਾਰੇ ਵਿੱਚ ਨਿਰਸੰਕੋਚ ਵਿੱਚਰਦੇ ਦਿਖਾਈ ਦੇਣਗੇ ਪਰ ਨਾਰੀ ਪ੍ਰਤੀ ਉਨ੍ਹਾਂ ਦੀ ਸੋਚ ਓਨੀ ਹੀ ਵੱਧ ਸੰਕੀਰਣ ਹੁੰਦੀ ਜਾਵੇਗੀ।[7]

ਅਜਿਹੀ ਸੰਕੀਰਣ ਸੋਚ ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪ੍ਰਬਲ ਰੂਪ ਵਿੱਚ ਉੱਭਰ ਕੇ ਸਾਹਮਣੇ ਆਉਂਦੀ ਹੈ। 'ਸਾਂਝੀ ਰੰਨ' ਕਹਾਣੀ ਵਿੱਚ ਚਾਨਣ ਰਾਮ ਭਾਵੇਂ ਆਪ ਪਹਿਲਾਂ ਅੰਗੂਰੀ ਜੋ ਕਿ ਕਿਸੇ ਹੋਰ ਦੀ ਪਤਨੀ ਸੀ, ਨਾਲ ਸੰਬੰਧ ਬਣਾਉਂਦਾ ਹੈ ਪਰ ਜਦ ਉਹ ਉਸ ਨਾਲ ਵਿਆਹੀ ਜਾਂਦੀ ਹੈ ਤਾਂ ਉਹ ਉਸ ਨੂੰ ਆਪਣੀ ਜਾਇਦਾਦ ਸਮਝਦਾ ਹੈ। ਜਦੋਂ ਅੰਗੂਰੀ ਚਾਨਣ ਰਾਮ ਦੀ ਗੈਰਹਾਜ਼ਰੀ ਵਿੱਚ ਉਸਦੇ ਦੋਸਤ ਗਰੀਬ ਦਾਸ ਨਾਲ ਫਿਲਮ ਦੇਖਣ ਚਲੀ ਜਾਂਦੀ ਹੈ ਤਾਂ ਉਹ ਉਨ੍ਹਾਂ ਤੇ ਲੋਹਾ ਲਾਖਾ ਹੁੰਦਾ ਹੋਇਆ ਕਹਿੰਦਾ ਹੈ:

"ਇੱਜ਼ਤਦਾਰ ਆਦਮੀ ਹਾਂ ਮੈਂ... ਬਰਦਾਸ਼ਤ ਨਹੀਂ ਕਰ ਸਕਦਾ ਕਿ ਮੇਰੀ ਵਾਈਫ ਜਿਥੇ

ਮਰਜੀ ਜਿਹਦੇ ਨਾਲ ਮੂੰਹ ਚੁੱਕੀ ਫਿਰੇ...।...ਮੇਰੀ ਇੱਜ਼ਤ ਦਾ ਤੈਨੂੰ ਧਿਆਨ ਰੱਖਣਾ ਚਾਹੀਦਾ ਹੈ"।[8]

ਵੀਨਾ ਵਰਮਾ ਦੀ ਕਹਾਣੀ 'ਸੁੱਕੀ ਖੂਹੀ' ਵੀ ਵਿਸ਼ੇਸ਼ ਗੌਲਣਯੋਗ ਹੈ। 'ਸੁੱਕੀ ਖੂਹੀ' ਵਿੱਚਲਾ ਪਾਤਰ ਐਮੀ ਪੰਜ ਸਾਲ ਬਾਅਦ ਆਪਣੀ ਪ੍ਰੇਮਿਕਾ ਸੈਲੀ ਕੋਲ ਆਉਂਦਾ ਹੈ ਤਾਂ ਸਭ ਤੋਂ ਪਹਿਲਾਂ ਉਹ ਸੈਲੀ ਤੋਂ ਇਹੀ ਪੁੱਛਦਾ ਹੈ ਕਿ ਇਨ੍ਹਾਂ ਸਾਲਾਂ ਦੌਰਾਨ ਉਸਨੇ ਕਿਸੇ ਹੋਰ ਨਾਲ ਸੰਬੰਧ ਤਾਂ ਨਹੀਂ ਬਣਾਏ ਜਦਕਿ ਉਹ ਆਪ ਵਿਆਹ ਕਰਵਾ ਚੁੱਕਾ ਹੁੰਦਾ ਹੈ। ਅਸਲ ਵਿੱਚ ਸਾਡਾ ਸਮਾਜਿਕ ਢਾਂਚਾ ਹੀ ਅਜਿਹਾ ਹੈ ਜਿਸ ਵਿੱਚ ਮਰਦ ਚਾਹੇ ਜਿੰਨੀਆਂ ਮਰਜ਼ੀ ਖੁੱਲ੍ਹਾਂ ਮਾਣਦਾ ਰਹੇ, ਉਸਤੇ ਕੋਈ ਉਂਗਲ ਨਹੀਂ ਉਠਾ ਸਕਦਾ। ਵੀਨਾ ਵਰਮਾ ਦੀ ਕਹਾਣੀ 'ਬਿਗਾਨੀ ਅੱਗ' ਵਿੱਚਲਾ ਪਾਤਰ ਅਸਲਮ ਇਸੇ ਮਰਦ ਹਉਮੈਂ ਵਿੱਚ ਕਹਿੰਦਾ ਹੈ:

"ਮਰਦ ਦਾ ਕੀ ਜਾਂਦਾ ਏਂ? ਨਹਾਤਾ ਧੋਤਾ ਘੋੜਾ ਹੁੰਦਾ ਏ। ਭਾਵੇਂ ਵੀਹ ਥਾਂ ਜਾ ਆਵੇ, ਪਰ ਉਸਦੀ ਪਾਕੀਜ਼ਗੀ ਨਹੀਂ ਜਾਂਦੀ। ਔਰਤ ਦੀ ਦਾਸਤਾਨ ਵੱਖਰੀ ਹੈ..."।[9]

ਪੱਛਮੀ ਸਮਾਜ ਦੇ ਕਾਇਦੇ ਕਾਨੂੰਨ ਭਾਰਤੀ ਸਮਾਜ ਵਾਂਗ ਨਾਰੀ ਨੂੰ ਵਿਕਾਰਗ੍ਰਸਤ ਪਤੀ ਨਾਲ ਹੀ ਸਾਰੀ ਉਮਰ ਬਤੀਤ ਕਰਨ ਲਈ ਮਜ਼ਬੂਰ ਨਹੀਂ ਕਰਦੇ ਬਲਕਿ ਉਸਨੂੰ ਨਿੱਜੀ ਹਿੱਤਾਂ, ਭਾਵਾਂ, ਇੱਛਾਵਾਂ ਨੂੰ ਪੂਰਾ ਕਰਨ ਦੀ ਖੁੱਲ੍ਹ ਦਿੰਦੇ ਹਨ। ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਅਜਿਹੀਆਂ ਖੁੱਲ੍ਹਾਂ ਮਾਣਦੀਆਂ ਨਾਰੀਆਂ ਵੀ ਸਾਨੂੰ ਦੇਖਣ ਨੂੰ ਮਿਲਦੀਆਂ ਹਨ ਪਰ ਇੱਥੇ ਇਕ ਹੋਰ ਬੇਹੱਦ ਮਹੱਤਵਪੂਰਨ ਨੁਕਤਾ ਵਿਚਾਰਨਯੋਗ ਹੈ ਕਿ ਇਹ ਖੁੱਲ੍ਹਾਂ ਵੀ ਅਸਿੱਧੇ ਰੂਪ ਵਿੱਚ ਮਰਦ ਦੇ ਹੱਕ ਵਿੱਚ ਹੋ ਨਿਬੜਦੀਆਂ ਹਨ ਕਿਉਂਕਿ ਅਜਿਹੀ ਸਥਿਤੀ ਵਿੱਚ ਵੀ ਨਾਰੀ ਜਿਨਸੀ ਤੇ ਮਾਨਸਿਕ ਰੂਪ ਵਿੱਚ ਸ਼ੋਸ਼ਿਤ ਹੀ ਹੋ ਰਹੀ ਹੈ। ਇਸ ਪ੍ਰਸੰਗ ਵਿੱਚ 'ਲਿੱਬੜੀ ਹੋਈ ਚਾਦਰ' ਦੇਖੀ ਜਾ ਸਕਦੀ ਹੈ। ਕਹਾਣੀ ਵਿੱਚ ਸੁਜਾਤਾ ਪੱਛਮੀ ਸਮਾਜ ਦੀਆਂ ਖੁੱਲ੍ਹਾਂ ਨੂੰ ਮਾਣਦੀ ਹੈ ਪਰ ਅੰਤ ਨੂੰ ਉਹ ਆਪਣੀ ਹੋਂਦ ਲਿਬੜੀ ਹੋਈ ਚਾਦਰ ਦੇ ਸਾਮਾਨ ਮਹਿਸੂਸ ਕਰਦੀ ਹੈ ਕਿਉਂਕਿ ਜਦੋਂ ਸੁਜਾਤਾ ਆਪਣੇ ਪਤੀ ਦੀ ਗੈਰਹਾਜ਼ਰੀ ਵਿੱਚ ਕੁਮਾਰ ਕੋਲ ਜਾਂਦੀ ਹੈ ਤਾਂ ਅਗਲੀ ਸਵੇਰ ਕੁਮਾਰ ਉਸਨੂੰ ਆਪਣੀ ਪਤਨੀ ਦੇ ਆਉਣ ਦੀ ਖਬਰ ਦੇ ਕੇ ਉਥੋਂ ਚਲੇ ਜਾਣ ਅਤੇ ਨਾਲ ਹੀ ਰਾਤ ਦੀ ਲਿੱਬੜੀ ਹੋਈ ਚਾਦਰ ਨੂੰ ਵੀ ਲੈ ਜਾਣ ਲਈ ਕਹਿੰਦਾ ਹੈ:

'ਸੁਜਾਤਾ ਘਰ ਦੀਆਂ ਪੌੜੀਆਂ ਉੱਤਰਦੀ ਹੋਈ ਸੋਚ ਰਹੀ ਸੀ ਕਿ ਕੀ ਫਰਕ ਸੀ ਉਸ ਵਿੱਚ ਅਤੇ ਉਸ ਲਿੱਬੜੀ ਹੋਈ ਚਾਦਰ ਵਿੱਚ ਦੋਵੇਂ ਵਿਛਾਈਆਂ ਗਈਆਂ, ਵਰਤੀਆਂ ਗਈਆਂ ਤੇ ਇਕੱਠੀਆਂ ਕਰਕੇ ਘਰੋਂ ਬਾਹਰ ਸੁੱਟ ਦਿੱਤੀਆਂ ਗਈਆਂ। ਦੋਹਾਂ ਦਾ ਹੋਣਾ ਇਸ ਘਰ ਲਈ ਖ਼ਤਰਾ ਸੀ। ਉਸਨੂੰ ਲੱਗਿਆ, ਜਿਵੇਂ ਉਹ ਪਲਾਸਟਿਕ ਬੈਗ ਵਿੱਚ ਖ਼ੁਦ ਆਪਣੇ ਆਪ ਨੂੰ ਚੁੱਕੀ ਜਾ ਰਹੀ ਸੀ'।[10] ਇਸੇ ਤਰ੍ਹਾਂ ਕਹਾਣੀ 'ਬੋੜਾ ਸੱਪ' ਵਿੱਚਲਾ ਕਿੱਕਰ ਸਿੰਘ ਬੰਤੋ ਨੂੰ

ਵਿਆਹ ਦਾ ਲਾਰਾ ਲਾ ਕੇ ਜ਼ਿਹਨੀ ਤੇ ਜਿਨਸੀ ਰੂਪ ਵਿੱਚ ਸ਼ੋਸ਼ਿਤ ਕਰਦਾ ਰਹਿੰਦਾ ਹੈ। ਉਹ ਸਮੇਂ-ਸਮੇਂ ਉਸ ਨੂੰ ਵਿਆਹ ਕਰਵਾ ਕੇ ਉਹਨਾਂ ਦੇ ਰਿਸ਼ਤੇ ਨੂੰ ਨਾਮ ਦੇਣ ਲਈ ਕਹਿੰਦੀ ਹੈ ਪਰ ਕਿੱਕਰ ਸਿੰਘ ਆਪਣੀਆਂ ਪਰਿਵਾਰਿਕ ਜ਼ਿੰਮੇਦਾਰੀਆਂ ਦੇ ਬਹਾਨੇ ਪਾ ਕੇ ਹਮੇਸ਼ਾ ਟਾਲ-ਮਟੋਲ ਕਰਦਾ ਰਹਿੰਦਾ ਹੈ। ਕਿੱਕਰ ਸਿੰਘ ਨਾਲ ਘਰ ਵਸਾਉਣ ਦੀ ਆਸ ਵਿੱਚ ਅਖੀਰ ਬੰਤੋ ਕੁੱਖ ਦੇ ਕੈਂਸਰ ਦੀ ਮਰੀਜ਼ ਹੋ ਜਾਂਦੀ ਹੈ। ਇਸੇ ਤਰ੍ਹਾਂ 'ਮੈਂ ਕੀ ਹਾਂ", 'ਸਾਂਝੀ ਰੰਨ' ਤੇ 'ਚਾਰ ਰਾਤਾਂ' ਆਦਿ ਕਹਾਣੀਆਂ ਵਿੱਚਲੀਆਂ ਨਾਰੀ ਪਾਤਰ ਇਸੇ ਸੰਤਾਪ ਨੂੰ ਭੋਗਦੀਆਂ ਹਨ।

ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚਲੀ ਨਾਰੀ ਓਪਰੀ ਨਜ਼ਰੇ ਭਾਵੇਂ ਦਬੰਗ ਰੂਪ ਵਿੱਚ ਪੇਸ਼ ਹੁੰਦੀ ਹੈ ਪਰ ਅਸਲ ਵਿੱਚ ਉਹ ਮਰਦ ਦੇ ਹੱਥਾਂ ਵਿੱਚ ਮਹਿਜ਼ ਵਸਤੂ ਹੀ ਬਣੀ ਰਹਿੰਦੀ ਹੈ। ਜਿਸਦੀ ਵਰਤੋਂ ਉਪਰੰਤ ਉਹ ਉਸ ਨੂੰ ਫਾਲਤੂ ਸਮਝ ਕੇ ਨਵੀਂ ਵਸਤ ਦੀ ਭਾਲ ਵਿੱਚ ਲੱਗ ਜਾਂਦਾ ਹੈ। 'ਬਿਗਾਨੀ ਅੱਗ' ਕਹਾਣੀ ਵਿੱਚ ਅਸਲਮ ਦੇ ਸੰਬੰਧ ਭਾਵੇਂ ਮਲਕਾ ਨਾਂ ਦੀ ਔਰਤ ਨਾਲ ਹੁੰਦੇ ਹਨ ਪਰ ਉਹ ਹੁਣ ਉਸ ਤੋਂ ਅੱਕ ਚੁੱਕਾ ਹੁੰਦਾ ਹੈ ਤੇ ਉਸਦੀ ਗੁਆਂਢਣ ਨੀਰੂ 'ਤੇ ਡੋਰੇ ਪਾਉਣ ਲੱਗ ਪੈਂਦਾ ਹੈ। ਅਸਲਮ ਦੁਆਰਾ ਨੀਰੂ ਨੂੰ ਕਹੇ ਬੋਲ ਇਹ ਗੱਲ ਸਪੱਸ਼ਟ ਕਰਦੇ ਹਨ ਕਿ ਉਸ ਲਈ ਔਰਤ ਕੇਵਲ ਆਨੰਦ ਪ੍ਰਾਪਤੀ ਦੀ ਚੀਜ਼ ਹੈ:

"ਤੁਸੀਂ ਦੱਸੋ ਤਰੀਕਾ ਜਿਸ ਨਾਲ ਮੈਨੂੰ ਕੋਈ ਅੱਛੀ ਖਵਾਤੀਨ ਮਿਲ ਸਕੇ। ਐਵੇਂ ਦਾਲ ਜਿਹੀ ਨਾ ਹੋਵੇ, ਕੋਈ ਕਰਾਰੀ ਚੀਜ਼ ਹੋਵੇ"।[11]

ਕਹਾਣੀ 'ਨਵਾਂ ਮਾਸ' ਵਿੱਚ ਵੀ ਮਰਦ ਦੀ ਔਰਤ ਪ੍ਰਤੀ ਇਹੋ ਜਿਹੀ ਪਹੁੰਚ ਹੀ ਦੇਖਣ ਨੂੰ ਮਿਲਦੀ ਹੈ। ਜਿਸ ਵਿੱਚ ਜਸਵੀਰ ਆਪਣੀ ਸਾਲੀ ਸ਼ਰਨ ਵੱਲ ਆਕਰਸ਼ਿਤ ਹੋ ਕੇ ਆਪਣਾ ਵਸਿਆ ਵਸਾਇਆ ਘਰ ਤਬਾਹ ਕਰ ਲੈਂਦਾ ਹੈ। ਇੱਥੇ ਵਿਚਾਰਨਯੋਗ ਨੁਕਤਾ ਇਹ ਵੀ ਹੈ ਕਿ ਮਰਦ ਦੀ ਔਰਤ ਪ੍ਰਤੀ ਇਹੋ ਜਿਹੀ ਪਹੁੰਚ ਕੇਵਲ ਭਾਰਤੀ ਸਮਾਜ ਵਿੱਚ ਹੀ ਨਹੀਂ ਪਾਈ ਜਾਂਦੀ ਸਗੋਂ ਇਹ ਸਰਵ-ਵਿਆਪੀ ਹੈ। ਜਿਵੇਂ 'ਮੈਂ ਕੀ ਹਾਂ' ਕਹਾਣੀ ਦੀ ਪਾਤਰ ਜੈਨੀ ਅਜਿਹੇ ਸੱਚ ਨੂੰ ਰੂਪਮਾਨ ਕਰਦੀ ਹੈ:-

"ਕੋਈ ਕਲਚਰ ਨਹੀਂ ਹੁੰਦਾ ਸਾਡਾ। ਅਸੀਂ ਸਿਰਫ਼ ਔਰਤਾਂ ਹਾਂ ਤੇ ਇਹੀ ਸਾਡਾ ਕਲਚਰ ਹੈ। ਗੋਰੀਆਂ, ਕਾਲੀਆਂ, ਚਿੱਟੀਆਂ ਤੇ ਬਰਾਉਨ ਸਭ ਅੰਦਰੋਂ ਇਕ ਹਾਂ। ਸਭ 'ਤੇ ਉਹੀ ਗੁਜ਼ਰਦੀ ਹੈ। ਆਪਣੀ ਹੋਂਦ ਲਈ ਸਭ ਲੜ ਰਹੀਆਂ ਅਸੀਂ ਜਦੋਂ ਬਾਹਰੋਂ ਮੱਦਦ ਮੰਗਦੀਆਂ ਹਾਂ, ਤਾਂ ਸਾਡੀਆਂ ਕਮਜ਼ੋਰੀਆਂ ਦਾ ਫ਼ਾਇਦਾ ਉਠਾਉਂਦਾ ਹੈ ਮਰਦ। ਇਹ ਮੱਦਦ ਭਾਵੇਂ ਇਮੋਸ਼ਨਲ ਹੋਵੇ, ਫਾਇਨੈਂਸ਼ਲ ਹੋਵੇ, ਫਿਜੀਕਲ ਹੋਵੇ ਜਾਂ ਸੋਸ਼ਲ ਹੋਵੇ। ਇਹ ਕਦੇ ਵੀ ਫਰੀ 'ਚ ਮੱਦਦ ਨਹੀਂ ਦੇਵੇਗਾ। ਮੱਦਦ ਕਰਨ ਤੋਂ ਪਹਿਲਾਂ ਦਸ ਵਾਰ ਸੋਚੇਗਾ ਕਿ ਮੈਨੂੰ ਇਸ ਕੰਮ ਵਿਚੋਂ ਕੀ ਮਿਲ ਰਿਹਾ ਹੈ"।[12] ਵੀਨਾ ਵਰਮਾ ਨੇ ਆਪਣੀਆਂ ਕਹਾਣੀਆਂ ਰਾਹੀਂ ਨਾਰੀ ਆਜ਼ਾਦੀ ਸਬੰਧੀ ਪਾਏ ਜਾਂਦੇ ਪੱਛਮ ਦੇ ਖੁੱਲ੍ਹੇ ਸਮਾਜ ਦੇ ਭਰਮ ਨੂੰ ਵੀ ਤੋੜਿਆ ਹੈ। ਉਸਦੇ ਕਥਾ ਬਿੰਬ ਨੇ ਖੁੱਲ੍ਹੇ

ਸਮਾਜ ਦੇ ਹਵਾਲੇ ਨਾਲ ਇਸ ਸੱਚ ਨੂੰ ਵਿਆਪਕ ਪੱਧਰ ਤੇ ਦ੍ਰਿੜ੍ਹ ਕਰਵਾਇਆ ਹੈ ਕਿ ਹਰ ਮਰਦ ਦੇ ਤਲਿਸਮ ਜਾਂ ਬੇਕਰਾਰੀ ਦੀ ਮੰਜ਼ਿਲ ਨਾਰੀ ਦਾ ਸਰੀਰ ਹੈ। ਖੁੱਲ੍ਹੇ ਸਮਾਜ ਦੀਆਂ ਸਾਰੀਆਂ ਸਟ੍ਰੈਟਿਜੀਜ਼ ਨੂੰ ਮਰਦ ਜਿਵੇਂ ਆਪਣੇ ਹੱਕ ਵਿੱਚ ਭੁਗਤਾ ਰਿਹਾ ਹੈ ਤੇ ਇਹੀ ਸਮਾਜ ਨਾਰੀ ਦੇ ਨਾਰੀਤਵ ਨਾਲ ਜਿਹੜਾ ਖਿਲਵਾੜ ਕਰ ਰਿਹਾ, ਉਸਦੇ ਬੜੇ ਹੌਲਨਾਕ ਬਿੰਬ ਵੀਨਾ ਵਰਮਾ ਦੀ ਕਹਾਣੀ ਵਿਚੋਂ ਉੱਭਰ ਰਹੇ ਹਨ'।[13]

ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਪੇਸ਼ ਨਾਰੀ ਜੀਵਨ ਨਾਲ ਜੁੜਿਆ ਇਕ ਹੋਰ ਮਹੱਤਵਪੂਰਨ ਪੱਖ ਔਰਤ ਦੁਆਰਾ ਪੂਰਨ ਮਰਦ ਤੇ ਆਪਣੇ ਘਰ ਦੀ ਤਲਾਸ਼ ਹੈ। ਇਹ ਤਲਾਸ਼ ਤੇ ਭਟਕਣ ਲਗਭਗ ਹਰ ਕਹਾਣੀ ਵਿੱਚਲੀ ਨਾਰੀ ਪਾਤਰ ਵਿੱਚ ਪਾਈ ਗਈ ਹੈ, ਭਾਵੇਂ ਉਹ ਸਵੈ ਨਿਰਭਰ ਵੀ ਕਿਉਂ ਨਾ ਹੋਵੇ। ਸਰੀਰਕ ਤੇ ਪਦਾਰਥਕ ਸੁੱਖਾਂ ਦੀ ਬਜਾਇ ਉਹ ਮਾਨਸਿਕ ਤੇ ਆਤਮਿਕ ਸੁੱਖਾਂ ਦੀ ਪ੍ਰਾਪਤੀ ਚਾਹੁੰਦੀ ਹੈ। 'ਰਜਾਈ', 'ਇੱਕ ਸੀ ਮੈਂ', 'ਚੁੱਪਕੀਤੀ', 'ਚਾਰ ਰਾਤਾਂ', 'ਸਾਂਝੀ ਹਨ', 'ਬੋੜਾ ਸੱਪ', 'ਮੈਂ ਕੀ ਹਾਂ', 'ਆਜਾ ਘਰ ਵਸਾਈਏ' ਤੇ 'ਪ੍ਰਾਈਵੇਟ ਬੰਦਾ' ਆਦਿ ਕਹਾਣੀਆਂ ਵਿੱਚ ਪੇਸ਼ ਨਾਰੀ ਪਾਤਰ ਅਜਿਹੇ ਰਿਸ਼ਤੇ ਦੀ ਤਾਂਘ ਰੱਖਦੀਆਂ ਹਨ ਜੋ ਨਿਰਸੁਆਰਥ ਤੇ ਨਿੱਘ ਭਰਪੂਰ ਹੋਵੇ। ਕਹਾਣੀ 'ਪ੍ਰਾਈਵੇਟ ਬੰਦਾ' ਵਿੱਚ ਸਵਰਾਜ ਆਪਣੀ ਭੂਆ ਅੱਗੇ ਅਜਿਹੇ ਰਿਸ਼ਤੇ ਦੀ ਇੱਛਾ ਰੱਖਦੀ ਕਹਿੰਦੀ ਹੈ:

"ਮੈਂ ਤੁਹਾਨੂੰ ਦੱਸ ਹੀ ਦਿੱਤਾ ਹੈ ਕਿ ਮੈਨੂੰ ਕੋਈ ਪਤੀ ਪੁਤੀ ਨਹੀਂ ਚਾਹੀਦਾ, ਮੈਨੂੰ ਇਕ ਦੋਸਤ ਚਾਹੀਦਾ ਹੈ, ਜਿਸਦੇ ਨਾਲ ਮੈਂ ਜ਼ਿੰਦਗੀ 'ਚ ਕਦਮ ਨਾਲ ਕਦਮ ਮਿਲਾ ਕੇ ਤੁਰ ਸਕਾਂ"।[14]

ਅਸੀਂ ਦੇਖਦੇ ਹਾਂ ਕਿ ਵੀਨਾ ਵਰਮਾ ਦੀ ਕਹਾਣੀ ਇਸਤਰੀ ਦੀ ਮਨ-ਇੱਛਿਤ ਮਰਦ ਦੀ ਭਾਲ ਅਤੇ ਬੌਧਿਕ ਸੰਵਾਦ ਨਾਲ ਜੁੜੀ ਹੋਈ ਹੈ, ਭਾਵ ਇਸਤਰੀ ਮਾਨਸਿਕ ਤੌਰ 'ਤੇ ਨਿਰੰਤਰ ਵਿਕਾਸ ਹੀ ਨਹੀਂ ਕਰ ਰਹੀ, ਬੌਧਿਕ ਵਿਕਾਸ ਵੀ ਕਰ ਰਹੀ ਪ੍ਰਤੀਤ ਹੁੰਦੀ ਹੈ।[15] ਵੀਨਾ ਵਰਮਾ ਨੇ ਆਪਣੀਆਂ ਕਹਾਣੀਆਂ ਰਾਹੀਂ ਔਰਤ ਦੇ ਦ੍ਰਿਸ਼ਟੀਕੋਣ ਤੋਂ ਔਰਤ ਦੀਆਂ ਸਮੱਸਿਆਵਾਂ ਦੀ ਪੇਸ਼ਕਾਰੀ ਕੀਤੀ ਹੈ। 'ਵੀਨਾ ਵਰਮਾ ਦੀਆਂ ਕਹਾਣੀਆਂ ਵਿੱਚ ਕੇਵਲ ਇਸਤਰੀ ਦੀਆਂ ਸਮੱਸਿਆਵਾਂ ਨੂੰ ਆਧਾਰ ਬਣਾਇਆ ਗਿਆ ਹੈ। ਉਹ ਔਰਤ ਦੇ ਅਧੂਰੇ ਸੁਪਨਿਆਂ, ਨਾਕਾਮ ਪ੍ਰੀਤਾਂ, ਮਾਰੂ ਬੰਧਨਾਂ, ਮਜ਼ਬੂਰੀਆਂ ਅਤੇ ਅਸੰਤੁਸ਼ਟੀਆਂ ਦਾ ਬਿਆਨ ਕਰਦੀ ਹੈ'।[16]

ਪਰਵਾਸੀ ਪੰਜਾਬੀ ਕਹਾਣੀਕਾਰਾ ਵੀਨਾ ਵਰਮਾ ਦੀ ਕਹਾਣੀ ਨਾਰੀ ਵੇਦਨਾ ਦੇ ਬਹੁ-ਧਰਾਤਲੀ ਪ੍ਰਸੰਗਾਂ ਨੂੰ ਮੁਖਾਤਿਬ ਹੋਈ ਹੈ। ਭਾਵੇਂ ਉਸ ਦੀਆਂ ਕਹਾਣੀਆਂ ਵਿੱਚ ਸਮਾਜ ਨਾਲ ਜੁੜੇ ਹੋਰ ਪੱਖ ਵੀ ਉਜਾਗਰ ਹੋਏ ਹਨ ਪਰੰਤੂ ਨਾਰੀ ਉਸ ਦੀ ਲੇਖਣੀ ਦਾ ਕੇਂਦਰੀ ਧੁਰਾ ਰਹੀ ਹੈ। ਉਸ ਨੇ ਔਰਤ ਮਨ ਦੀਆਂ ਉਨ੍ਹਾਂ ਮਹੀਨ ਪਰਤਾਂ ਦੀ ਤਰਜ਼ਮਾਨੀ ਕੀਤੀ ਜੋ ਆਮ ਤੌਰ ਤੇ ਅੱਖੋਂ ਪਰੋਖੇ ਹੁੰਦੀਆਂ ਰਹੀਆਂ ਹਨ। ਇਸ ਸੰਦਰਭ ਵਿੱਚ ਉਸ ਦੇ ਕਹਾਣੀ ਸੰਗ੍ਰਹਿ

'ਫਰੰਗੀਆਂ ਦੀ ਨੂੰਹ' ਅਤੇ 'ਜੋਗੀਆਂ ਦੀ ਧੀ' ਵਿਸ਼ੇਸ਼ ਮਹੱਤਤਾ ਦੇ ਧਾਰਨੀ ਹਨ। ਵੀਨਾ ਵਰਮਾ ਦੇ ਵਿਚਾਰਧੀਨ ਕਹਾਣੀ ਸੰਗ੍ਰਹਿਆਂ ਵਿੱਚਲੀਆਂ ਕਹਾਣੀਆਂ ਜ਼ਰੀਏ ਪਰਵਾਸੀ ਨਾਰੀ ਦੇ ਜੀਵਨ ਯਥਾਰਥ ਨਾਲ ਸੰਬੰਧਿਤ ਬੇਹੱਦ ਸੰਵੇਦਨਸ਼ੀਲ ਮਸਲੇ ਉੱਭਰ ਕੇ ਸਾਹਮਣੇ ਆਏ ਹਨ। ਇਨ੍ਹਾਂ ਕਹਾਣੀਆਂ ਵਿੱਚ ਪੇਸ਼ ਨਾਰੀ ਦੀ ਹੋਂਦ/ਹਸਤੀ ਤੇ ਮਾਨਸਿਕਤਾ ਜਿੱਥੇ ਇਕ ਪਾਸੇ ਸੰਤਾਪਜਨਕ ਹੋਣੀ ਨੂੰ ਹੰਢਾਉਂਦੀ ਨਜ਼ਰ ਆਉਂਦੀ ਹੈ, ਉੱਥੇ ਦੂਜੇ ਪਾਸੇ ਪਰਵਾਸੀ ਜੀਵਨ ਪ੍ਰਸਥਿਤੀਆਂ ਵਿੱਚ ਨਾਰੀ ਪ੍ਰਤੀ ਮਰਦ ਪ੍ਰਧਾਨ ਮਾਨਸਿਕਤਾ ਨੂੰ ਚੁਣੌਤੀ ਦੇਣ ਲਈ ਯਤਨਸ਼ੀਲ ਵੀ ਦਿਖਾਈ ਦਿੰਦੀ ਹੈ। ਲਿਹਾਜ਼ਾ, ਵੀਨਾ ਵਰਮਾ ਦੀ ਕਹਾਣੀ ਪਰਵਾਸੀ ਨਾਰੀ ਦੇ ਅਚੇਤ-ਸੁਚੇਤ ਆਪੇ ਤੇ ਉਸ ਦੀ ਅੰਤਰ-ਵੇਦਨਾ ਨੂੰ ਜੁਬਾਨ ਦੇਣ ਅਤੇ ਨਾਰੀ ਨੂੰ ਮਾਨਵੀ ਹੋਂਦ ਦੇ ਰੂਪ ਪਛਾਣਨ ਵਿੱਚ ਸਫਲ ਕੋਸ਼ਿਸ਼ ਕਰਦੀ ਹੈ।

**ਹਵਾਲੇ**

---

[1] ਡਾ. ਧਨਵੰਤ ਕੌਰ, "ਪਰਵਾਸੀ ਪੰਜਾਬੀ ਕਹਾਣੀ ਵਿੱਚ ਨਾਰੀ ਲੇਖਿਕਾਵਾਂ ਦੀ ਭੂਮਿਕਾ", ਪਰਵਾਸ ਤੇ ਪਰਵਾਸੀ ਸਾਹਿਤ, ਹਰਚੰਦ ਸਿੰਘ ਬੇਦੀ (ਸੰਪਾ.), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2005, ਪੰਨਾ 124

[2] ਉਹੀ, ਪੰਨਾ 129

[3] ਵੀਨਾ ਵਰਮਾ, ਫਰੰਗੀਆਂ ਦੀ ਨੂੰਹ, ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, 2005, ਪੰਨਾ 35

[4] ਉਹੀ, ਪੰਨਾ 15

[5] ਉਹੀ, ਪੰਨਾ 121

[6] ਉਹੀ, ਜੋਗੀਆਂ ਦੀ ਧੀ, ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, 2009, ਪੰਨਾ 136

[7] ਡਾ. ਧਨਵੰਤ ਕੌਰ, ਉਹੀ, ਪੰਨਾ 128

[8] ਵੀਨਾ ਵਰਮਾ, 'ਜੋਗੀਆਂ ਦੀ ਧੀ', ਪੰਨਾ 87

[9] ਉਹੀ, ਪੰਨਾ 163

[10] ਉਹੀ, ਫਰੰਗੀਆਂ ਦੀ ਨੂੰਹ, ਪੰਨਾ 237

[11] ਉਹੀ, ਜੋਗੀਆਂ ਦੀ ਧੀ, ਪੰਨਾ 163-164

[12] ਉਹੀ, ਪੰਨਾ 152

[13] ਡਾ. ਧਨਵੰਤ ਕੌਰ, ਉਹੀ, ਪੰਨਾ 129-130

[14] ਵੀਨਾ ਵਰਮਾ, ਜੋਗੀਆਂ ਦੀ ਧੀ, ਪੰਨਾ 187

[15] ਡਾ. ਹਰਚੰਦ ਸਿੰਘ ਬੇਦੀ, ਪਾਠ ਤੇ ਪ੍ਰਸੰਗ: ਪਰਵਾਸੀ ਪੰਜਾਬੀ ਕਹਾਣੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1998, ਪੰਨਾ 193

[16] ਡਾ. ਰੁਪਿੰਦਰ ਕੌਰ ਸੰਧੂ, ਪਰਵਾਸੀ ਪੰਜਾਬੀ ਕਹਾਣੀ ਅਤੇ ਨਾਰੀ ਸੰਵੇਦਨਾ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2004, ਪੰਨਾ 74

ਸਤੰਬਰ-ਦਸੰਬਰ 2023

ਜਿਲਦ-1

ਅੰਕ-2

ISSN 2584-0509

ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ

# ਖੋਜਨਾਮਾ

ਸੰਪਾਦਕ

ਡਾ. ਜਸਵਿੰਦਰ ਸਿੰਘ ਬਰਾੜ